## ਸਾਹਿਤ ਦੀ ਪ੍ਰਕਿਰਤੀ

ਸਾਹਿਤ ਦੋ ਸ਼ਬਦਾਂ ਸਾ + ਹਿੱਤ ਦੇ ਸੁਮੇਲ ਤੋਂ ਬਣਿਆ ਹੈ। ਸਾ ਦਾ ਅਰਥ ਹੈ ਸਾਰਿਆਂ ਅਤੇ ਹਿੱਤ ਦਾ ਅਰਥ ਹੈ ਪਿਆਰ, ਮਹੋਬਤ। ਸੋ ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਉਹ ਹੈ ਜੋ ਸਾਨੂੰ ਸਾਰਿਆਂ ਨਾਲ ਪਿਆਰ ਕਰਨਾ ਸਿਖਾਉਂਦਾ ਹੈ।

ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਇਸਦੇ ਸਰੂਪ ਬਾਰੇ ਆਪਣੇ ਦ੍ਰਿਸ਼ਟੀਕੋਣ ਤੇ ਵਿਚਾਰ ਪੇਸ਼ ਕੀਤੇ ਹਨ। ਸਾਹਿਤ ਵਿਚੋਂ ਮਨੁੱਖੀ ਜੀਵਨ ਦੀ ਤਸਵੀਰ ਪ੍ਰਗਟ ਹੁੰਦੀ ਹੈ। ਜਿਵੇਂ ਹਰ ਕਲਾ ਦਾ ਆਪੋ-ਆਪਣਾ ਵੱਖਰਾ ਮਾਧਿਅਮ ਹੁੰਦਾ ਹੈ। ਉਸੇ ਤਰ੍ਹਾਂ ਹੀ ਸਾਹਿਤ ਦਾ ਮਾਧਿਅਮ (ਸ਼ਬਦ) ਹੈ। ਸਾਹਿਤ ਦਾ ਮਨੋਰਥ ਸਤ ਦੀ ਅਭਿਵਿਅਕਤੀ ਹੈ ਪ੍ਰੰਤੂ ਨਾਲ ਹੀ ਇਸਦੇ ਵਿਚ ਕਲਾ ਅਤੇ ਕਲਪਨਾ ਦੇ ਗੁਣ ਵੀ ਆ ਜਾਂਦੇ ਹਨ। ਇਸ ਵਿਚ ਵਸਤੂ ਤੇ ਕਲਾ ਸਤ ਅਤੇ ਸੌਂਦਰਜ ਦਾ ਸੁਮੇਲ ਹੁੰਦਾ ਹੈ। ਸਾਹਿਤ ਵਿਚ ਸਤ ਹੁੰਦਾ ਹੈ ਅਤੇ ਉਹ ਕਲਿਆਣਕਾਰੀ ਤੇ ਸੁੰਦਰ ਹੁੰਦਾ ਹੈ। ਸਾਹਿਤ ਸ਼ਬਦ ਅੰਗਰੇਜ਼ੀ ਦੇ ਸ਼ਬਦ literature ਦਾ ਸਮਾਨ-ਅਰਥੀ ਹੈ। ਸਾਹਿਤ ਦੀ ਪ੍ਰਕਿਰਤੀ ਅਤੇ ਸੁਭਾਅ ਨੂੰ ਸਪਸ਼ਟ ਕਰਨ ਲਈ ਵਿਦਵਾਨਾਂ ਦੇ ਵੱਖੋ-ਵੱਖਰੇ ਮੱਤ ਦੇਖਣ ਨੂੰ ਮਿਲਦੇ ਹਨ।

According to Emerson (ਐਮਰਸਨ),

"Literature is the record of the best thoughts."

ਗੋਰਕੀ ਦੇ ਅਨੁਸਾਰ,

"ਸਾਹਿਤ ਦੁਨੀਆਂ ਦਾ ਦਿਲ ਹੈ।"

→ ਸਾਹਿਤ ਸੰਸਕ੍ਰਿਤੀ ਸ਼ਬਦ ਸਾਹਿਤਯਮ੍ ਦਾ ਪੰਜਾਬੀ ਰੂਪ ਹੈ। ਇਸਦੇ ਕੋਸ਼ਗਤ ਅਰਥ ਸੰਜੋਗ, ਮੇਲ, ਸਾਥ ਹਨ। ਪ੍ਰਾਚੀਨ ਸਮੇਂ ਤੋਂ ਹੀ ਸਾਹਿਤ ਦੇ ਤਿੰਨ ਲੱਛਣ ਮੰਨੇ ਗਏ ਹਨ: ਸੱਚ ਦਾ ਧਾਰਨੀ ਹੋਵੇ, ਜੀਵਨ ਲਈ ਕਲਿਆਣਕਾਰੀ ਹੋਵੇ ਅਤੇ ਸੁੰਦਰਤਾ ਦਾ ਪ੍ਰਕਾਸ਼ ਕਰੇ। ਸਾਹਿਤ ਦੇ ਇਨਾਂ ਲੱਛਣਾਂ ਨੂੰ ਹੀ ਸੱਤਿਅਮ੍, ਸ਼ਿਵੰ, ਸੁੰਦਰਮ ਦਾ ਨਾਮ ਦਿੱਤਾ ਗਿਆ ਹੈ।

ਸਾਹਿਤ ਰਾਹੀਂ ਕਿਸੇ ਜੀਵਨ ਦੇ ਤਜ਼ਰਬੇ ਜਾਂ ਅਨੁਭਵ ਨੂੰ ਦੂਜਿਆਂ ਤੱਕ ਪ੍ਰਗਟਾਉਣ ਦਾ ਯਤਨ ਕੀਤਾ ਜਾਂਦਾ ਹੈ। ਸਾਹਿਤ ਇਕੋ ਵੇਲੇ ਜੀਵਨ ਦਾ ਪ੍ਰਤੀਬਿੰਬ ਵੀ ਹੈ, ਪ੍ਰਤੀਕਰਮ ਵੀ ਹੈ ਅਤੇ ਪ੍ਰਚਲਣ ਵੀ।

According to Matthew Arnold,

"The best that is
thought and known
in the world is the
nature of literature."

ਸਾਹਿਤ ਦੇ ਸੰਕਲਪ ਸਥਿਰ ਨਹੀਂ ਹੁੰਦੇ। ਵੱਖੋ-ਵੱਖਰੇ ਯੁੱਗਾਂ ਤੇ ਸਭਿਆਚਾਰਾਂ ਵਿੱਚ ਵੱਖੋ ਵੱਖਰੇ ਅਰਥਾਂ ਦੇ ਧਾਰਨੀ ਹੁੰਦੇ ਹਨ।

→ ਸਾਹਿਤ ਇਕ ਗਤੀਸ਼ੀਲ ਭਾਸ਼ਿਕ ਰਚਨਾ ਹੈ, ਇਸੇ ਲਈ ਭਾਵੇਂ ਵੱਖੋ-ਵੱਖਰੇ ਸਮਿਆਂ ਅਤੇ ਪਰਿਸਥਿਤੀਆਂ ਵਿਚ ਸਾਹਿਤਕ ਰੁਚੀਆਂ ਬਦਲ ਜਾਂਦੀਆਂ ਹਨ। ਪਰ ਇਸਦੇ ਸਮਾਨਯ ਪੱਖਾਂ ਤੇ ਇਸਦੇ ਪ੍ਰਤੀਮਾਨਾਂ ਨੂੰ ਫਿਰ ਵੀ ਪ੍ਰਭਾਸ਼ਿਤ ਕਰਨ ਦੀ ਲੋੜ ਪੈਂਦੀ ਹੈ। ਸਾਹਿਤ ਦੀ ਵਿਲੱਖਣ ਪ੍ਰਕਿਰਤੀ ਉਸਦੇ ਅਜਨਬੀ ਕਿਰਤ ਸੁਗੰਧਰੇ ਰਾਹੀਂ ਹੀ ਪਛਾਣੀ ਜਾਂਦੀ ਹੈ। ਸਾਹਿਤ ਇਕ ਸ਼ਾਬਦਿਕ ਸਿਰਜਣ ਕਲਾ ਹੈ। ਸ਼ਾਬਦਿਕ ਸਿਰਜਣ ਹੋਰ ਵੀ ਕਈ ਰੂਪਾਂ ਵਿਚ ਪ੍ਰਗਟ ਹੁੰਦੀ ਹੈ।

ਸਾਹਿਤ ਵਿੱਚ ਮਨੁੱਖੀ ਜੀਵਨ ਦੀ ਤਸਵੀਰ ਹੁੰਦੀ ਹੈ। ਇਸ ਵਿੱਚ ਕਲਾ ਤੇ ਕਲਪਨਾ ਦੇ ਗੁਣ ਵੀ ਹੁੰਦੇ ਹਨ। ਸਾਹਿਤ ਵਿਚ ਸੱਚ ਹੁੰਦਾ ਹੈ। ਉਹ ਸੁੰਦਰ ਅਤੇ ਕਲਿਆਣਕਾਰੀ ਹੁੰਦਾ ਹੈ। ਪੁਰਾਤਨ ਭਾਰਤੀ ਕਾਵਿ ਸ਼ਾਸਤਰ ਸਾਹਿਤ ਦੀ ਪਰਿਭਾਸ਼ਾ ਸੱਤਿਅਮ, ਸ਼ਿਵੰ, ਸੁੰਦਰਮ ਨਾਲ ਕੀਤੀ ਗਈ ਹੈ। ਸੋ ਸਾਹਿਤ ਦੀ ਪ੍ਰਕਿਰਤੀ ਤੋ ਭਾਵ ਸਾਹਿਤ ਦਾ ਸੁਭਾਅ, ਸਾਹਿਤ ਦੀ ਬੁਨਿਆਦੀ ਬਨਾਵਟ ਕੀ ਹੈ ਤੋਂ ਹੈ। ਇਸ ਵਿੱਚ ਕਿਹੜੇ-ਕਿਹੜੇ ਅੰਗ ਹਨ ਤੇ ਆਪਸ ਵਿਚ ਕਿਸ ਤਰਾਂ ਜੁੜੇ ਹੋਏ ਹਨ ਆਦਿ ਤੋਂ ਹੀ ਇਸਦਾ ਸੁਭਾਅ ਪਛਾਣਿਆ ਜਾਂਦਾ ਹੈ।

→ ਸਾਹਿਤ ਨੂੰ ਪ੍ਰਭਾਸ਼ਿਤ ਕਰਨ ਦਾ ਇੱਕ ਤਰੀਕਾ ਇਹ ਵੀ ਹੈ ਕਿ ਮਹਾਨ ਪੁਸਤਕਾਂ ਨੂੰ ਸਾਹਿਤ ਤੱਕ ਹੀ ਸੀਮਿਤ ਰੱਖਿਆ ਜਾਵੇ। ਪ੍ਰੰਤੂ ਅਜਿਹੀ ਸਥਿਤੀ ਵਿੱਚ ਇਤਿਹਾਸ, ਅਰਥ-ਸ਼ਾਸਤਰ, ਰਾਜਨੀਤੀ-ਸ਼ਾਸਤਰ ਨੂੰ ਵੀ ਸਾਹਿਤ ਮੰਨਣਾ ਪਵੇਗਾ, ਕਿਉਂਕਿ ਮਹਾਨ ਪੁਸਤਕਾਂ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਹੋਣ, ਉਸ ਨੂੰ ਵੀ ਸਾਹਿਤ ਮੰਨਣਾ ਪਵੇਗਾ। ਪਰ ਸੱਚਾਈ ਗੱਲ ਇਹ ਹੈ ਕਿ ਕਲਾ ਅਤੇ ਅਭਿਵਿਅਜਨਾ ਦੀ ਖ਼ੂਬਸੂਰਤੀ ਤੋਂ ਸਾਹਿਤਕ ਕਿਰਤਾਂ ਮਹਾਨ ਹੋਣੀਆਂ ਚਾਹੀਦੀਆਂ ਹਨ!

ਸਾਹਿਤ ਦੀ ਪ੍ਰਕਿਰਤੀ ਲਈ ਇਕ ਬੁਨਿਆਦੀ ਫ਼ੈਸਲਾ ਇਹ ਵੀ ਹੈ ਕਿ ਕਲਾ ਕਲਾ ਲਈ ਹੀ ਹੈ ਜਾਂ ਮਨੁੱਖ ਲਈ।

## ਸਾਹਿਤ ਦੀ ਪ੍ਰਕਿਰਤੀ :-

ਭਾਵੇਂ ਇਕ ਸਾਹਿਤਕ ਕਿਰਤ ਦੀ ਸਿਰਜਨਾ ਅਜਿਹੇ ਸਾਹਿਤਕ ਤੱਤਾਂ ਜਿਵੇਂ ਕਥਾਨਕ, ਬਿੰਬ, ਵਿਚਾਰ ਆਦਿ ਨਾਲ ਕੀਤੀ ਜਾਂਦੀ ਹੈ। ਪ੍ਰੰਤੂ ਇਹਨਾਂ ਤੱਤਾਂ ਦੇ ਸਰੂਪ ਨੂੰ ਪਛਾਣ ਦੇਣ ਵਿਚ ਭਾਸ਼ਾ ਦੀ ਤਕਨੀਕ ਦਾ ਕੇਂਦਰੀ

ਸਥਾਨ ਹੈ। ਸੋ ਸਾਹਿਤ ਦੀ ਪ੍ਰਕਿਰਤੀ ਵਿਚੋਂ ਸਾਹਿਤ ਦੀਆਂ ਕੁਝ ਲੁਕਵੀਆਂ ਵਿਸ਼ੇਸ਼ਤਾਵਾਂ ਉਭਰਦੀਆਂ ਹਨ। ਸਾਹਿਤ ਦੀ ਹੋਂਦ ਭਾਸ਼ਾ ਦੇ ਕਿਰਿਆਸ਼ੀਲ ਹੋਣ ਤੇ ਸੁਰਜੀਤ ਹੁੰਦੀ ਹੈ। ਭਾਸ਼ਾ ਤਾਂ ਅਸਲ ਵਿਚ ਸਰੰਚਨਾਵਾਂ ਦਾ, ਧੁਨੀਆਂ ਦਾ ਆਪ ਹੁਦਰਾ ਸੰਬੰਧ ਹੈ। ਭਾਸ਼ਾ ਇਕ ਸਮਾਜਿਕ ਸੰਪਰਦਾਇ ਵੀ ਹੈ। ਜੋ ਸਮੇਂ ਦੇ ਨਾਲ-ਨਾਲ ਬਦਲਦੀ ਰਹਿੰਦੀ ਹੈ। ਪ੍ਰਕਿਰਤੀ ਦੇ ਪੱਖ ਤੋਂ ਸਾਹਿਤ ਨੂੰ ਤਿੰਨ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ:-

1. ਸਾਹਿਤ ਜੀਵਨ ਦੇ ਸੱਚ ਨੂੰ ਪ੍ਰਗਟਾਵੇ।
2. ਸਾਹਿਤ ਲੋਕ ਭਲਾਈ ਵੱਲ ਧਿਆਨ ਦੇਵੇ।
3. ਸਾਹਿਤ ਰਾਹੀਂ ਪੇਸ਼ ਕੀਤੇ ਜਾਣ ਵਾਲੀ ਸਮੱਗਰੀ ਬਹੁਤ ਸੁੰਦਰ ਅਤੇ ਸੁਹਜਾਤਮਕ ਢੰਗ ਨਾਲ ਪੇਸ਼ ਕੀਤੀ ਜਾਵੇ।

→ ਸਾਹਿਤ ਦੀ ਪ੍ਰਕਿਰਤੀ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਇਹ ਸਾਡੀ ਆਤਮ ਪ੍ਰਗਟਾ ਦੀ ਇੱਛਾ ਪੂਰੀ ਕਰਦਾ ਹੈ। ਅਤੇ ਇਹ ਸਾਡੇ ਯਥਾਰਥਕ ਸੰਸਾਰ ਨੂੰ ਜਾਨਣ ਦਾ ਕੰਮ ਪੂਰਾ ਕਰਦਾ ਹੈ। ਸਾਨੂੰ ਬਹੁਤ ਕੁਝ ਸਾਹਿਤ ਤੋਂ ਹੀ ਪਤਾ ਲਗਦਾ ਹੈ।

<u>ਪ੍ਰੋ. ਬ੍ਰਹਮ ਜਗਦੀਸ਼ ਦੇ ਅਨੁਸਾਰ,</u>

"ਸਾਹਿਤ ਦੀ ਪ੍ਰਕਿਰਤੀ ਇਸਦੇ ਸੰਕੇਤਕ ਪੱਖ ਦੁਆਰਾ ਵਧੇਰੇ ਉਭਰ ਕੇ ਸਾਹਮਣੇ ਆਉਂਦੀ ਹੈ। ਸਾਹਿਤ ਕਲਾ ਦੇ ਖੇਤਰ ਵਿਚ ਪ੍ਰਗੀਤ, ਮਹਾਂਕਾਵਿ ਤੇ ਨਾਟਕ ਵਰਗੇ ਸਾਹਿਤ ਰੂਪ ਹਨ। ਇਨ੍ਹਾਂ ਸਾਰਿਆਂ ਵਿਚ ਜੋ ਸੰਕੇਤ ਹੁੰਦਾ ਹੈ ਉਹ ਗਲਪ, ਜੁਗਤ ਜਾਂ ਕਲਪਨਾਗਤ ਨਾਲ ਹੁੰਦਾ ਹੈ।"

## ਭਾਸ਼ਾ ਦੇ ਭਿੰਨ-ਭਿੰਨ ਪ੍ਰਵਾਹ :—

ਭਾਸ਼ਾ ਦੇ ਕਈ ਭਿੰਨ-ਭਿੰਨ ਪ੍ਰਵਾਹ ਹਨ, ਪਰੰਤੂ ਇਸਦਾ ਕੇਂਦਰੀ ਪ੍ਰਕਾਰ ਸੰਚਾਰ ਕਰਨਾ ਅਤੇ ਸੰਦੇਸ਼ ਨੂੰ ਗ੍ਰਹਿਣ ਕਰਨਾ ਹੈ। ਡਾ. ਹਰਚਰਨ ਸਿੰਘ ਭਾਸ਼ਾ ਤੇ ਸਾਹਿਤ ਦੇ ਇਸ ਬਾਰੇ ਦੱਸਦੇ ਹੋਏ ਕਹਿੰਦੇ ਹਨ, ਅੱਜ ਦੇ ਵਿਦਿਆਰਥੀ ਨੂੰ ਚਾਹੀਦੇ ਹਨ ਕਿ ਉਹਨਾਂ ਨੂੰ ਭਾਸ਼ਾ ਦੀ ਪ੍ਰਕਿਰਤੀ ਦੇ ਪ੍ਰਕਾਰਜ ਦਾ ਪੂਰਾ ਗਿਆਨ ਹੋਵੇ, ਕਿਉਂਕਿ ਸਾਹਿਤ ਭਾਸ਼ਾ ਦੀਆਂ ਕੁਝ ਨੁਕਰੀਆਂ ਅਤੇ ਉਘੜਦੀਆਂ ਵਿਸ਼ੇਸ਼ਤਾਵਾਂ ਦਾ ਵਿਸਥਾਰ ਹੈ।

ਪਾਠਕ ਦੀ ਸਾਹਿਤਕ ਕਿਰਤ ਵਿਚੋਂ ਉਸਦਾ ਵਿਲੱਖਣ ਸਰੂਪ ਪਛਾਣ ਸਕਣ ਦੀ ਜੋਗਤਾਂ ਉਸਦੇ ਅਧਿਐਨ ਵਿਸ਼ਲੇਸ਼ਣ ਤੋਂ ਹੀ ਹੁੰਦੀ ਹੈ। ਉਸਦੀ ਅਧਿਐਨ ਪਹੁੰਚ ਵਿਧੀ ਉਨੀ ਹੀ ਸੰਜੋਗੀ ਹੋਵੇ ਜਿੰਨੀ ਕਿ ਉਸਦੀ ਭਾਸ਼ਾ।

## ਭਾਸ਼ਾ ਦਾ ਕੇਂਦਰੀ ਪ੍ਰਕਾਰਜ :—

ਭਾਸ਼ਾ ਦਾ ਕੇਂਦਰੀ ਪ੍ਰਕਾਰਜ ਸੰਚਾਰ ਕਰਨਾ ਅਤੇ ਇਸ ਸੰਚਾਰ ਲਈ ਵਕਤੇ ਅਤੇ ਸ੍ਰੋਤੇ ਦੋਵਾਂ ਦਾ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਜੋ ਰਿਸ਼ਤਾ ਵਕਤੇ ਅਤੇ ਸ੍ਰੋਤੇ ਦਾ ਹੈ ਉਹ ਰਿਸ਼ਤਾ ਹੀ ਲੇਖਕ ਅਤੇ ਪਾਠਕ ਦਾ ਵੀ ਹੈ। ਕਿਉਂਕਿ ਲੇਖਕ ਕਿਸੇ ਸਾਹਿਤਕ ਕਾਵਿ ਰੂਪ ਦੀ ਰਚਨਾ ਕਰਦਾ ਹੈ ਅਤੇ ਪਾਠਕ ਉਸ ਸਾਹਿਤਕ ਕਿਰਤ ਨੂੰ ਪੜ੍ਹ ਕੇ ਅਨੰਦ ਮਹਿਸੂਸ ਕਰਦਾ ਹੈ।

ਭਾਸ਼ਾ ਦਾ ਸਾਹਿਤ ਦੀ ਪ੍ਰਕਿਰਤੀ ਵਿੱਚ ਆਪਣਾ ਮਹੱਤਵਪੂਰਨ ਰੋਲ ਹੈ। ਜਿਵੇਂ ਕਿ ਭਾਸ਼ਾ ਲਿਖਦੀ ਤਾਂ ਹੈ ਪਰ ਉਸ ਤੋਂ ਵੀ ਉਪਰ ਜੋ ਲਿਖਦਾ ਹੈ, ਉਹ ਸਾਹਿਤ ਹੈ। ਇਸੇ ਤਰ੍ਹਾਂ ਹੀ ਸਾਹਿਤ ਭਾਸ਼ਾ ਅਤੇ ਆਮ ਭਾਸ਼ਾ ਵਿਚ ਕੁਝ ਫਰਕ ਦੇਖ ਲਿਆ

ਜਾਂਦਾ ਹੈ, ਪਰ ਅਸਲ ਵਿਚ ਸਾਹਿਤ ਵਿਚ ਵਰਤੀ ਗਈ ਭਾਸ਼ਾ ਸਾਹਿਤਕ ਭਾਸ਼ਾ ਹੁੰਦੀ ਹੈ। ਇਕ ਪਾਸੇ ਇਸਦਾ ਸੰਬੰਧ ਭਾਸ਼ਾ ਨਾਲ ਹੈ ਅਤੇ ਦੂਜੇ ਪਾਸੇ ਸਾਹਿਤ ਨਾਲ ਹੈ। <u>ਸੈਂਗਰ ਜੈਨੇ ਦੇ ਅਨੁਸਾਰ,</u>

"ਆਮ ਭਾਸ਼ਾ ਅਤੇ ਕਾਵਿ ਭਾਸ਼ਾ
ਵਿਚਲਾ ਫਰਕ ਨਿਸ਼ਾਨੀਆਂ ਦਾ ਹੈ।
ਨਾ ਕਿ ਸਾਧਨਾਂ ਦਾ। ਲੇਖਕ ਵੀ
ਤਕਰੀਬਨ ਉਹ ਹੀ ਹਥਿਆਰ
ਵਰਤਦਾ ਹੈ, ਜੋ ਆਮ ਵਕਤਾ
ਵਰਤਦਾ ਹੈ, ਪਰ ਲੇਖਕ ਦੀ
ਮੰਜ਼ਿਲ ਹੋਰ ਹੁੰਦੀ ਹੈ।"

→ ਆਮ ਭਾਸ਼ਾ ਦੇ ਮੁਕਾਬਲੇ ਸਾਹਿਤ ਭਾਸ਼ਾ ਪ੍ਰਤੀਮਾਨਾਂ ਦਾ ਪ੍ਰਯੋਗ ਕਰਦੀ ਹੈ। ਸਾਹਿਤ ਭਾਸ਼ਾ ਨੂੰ ਮਨ ਮਰਜ਼ੀ ਨਾਲ ਵਰਤਿਆ ਜਾ ਸਕਦਾ ਬਲਕਿ ਕਿਸੇ ਖਾਸ ਉਦੇਸ਼ ਦੀ ਪੂਰਤੀ ਵਾਸਤੇ ਵਰਤਿਆ ਜਾਂਦਾ ਹੈ। ਜਿਥੇ ਆਮ ਭਾਸ਼ਾ ਦਾ ਸੰਦੇਸ਼ ਬਾਹਰਮੁਖੀ ਹੁੰਦਾ ਹੈ ਉਥੇ ਸਾਹਿਤਕ ਭਾਸ਼ਾ ਦਾ ਉਦੇਸ਼ ਨਿੱਜੀ ਅਨੁਭਵ ਹੁੰਦਾ ਹੈ। ਸਾਹਿਤ ਦੀ ਪ੍ਰਕਿਰਤੀ ਇਸਦੇ ਸੰਕੇਤਕ ਪੱਖਾਂ ਦੇ ਆਧਾਰ ਉਭਰ ਕੇ ਸਾਹਮਣੇ ਆਉਂਦੀ ਹੈ। ਸਾਹਿਤਕ ਕਲਾ ਦੇ ਕੇਂਦਰ ਵਿਚ, ਪ੍ਰਗੀਤ, ਨਾਟਕ ਵਰਗੇ ਸਾਹਿਤ ਰੂਪ ਆ ਜਾਂਦੇ ਹਨ।

<u>According to Rene Wellek,</u>

"A literary work of
art is not a simple
object, but rather a
highly complex organi-
zation of a stratified
character with multipal
meanings and relationship."

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੀ ਪ੍ਰਕਿਰਤੀ ਆਪਣੀ ਵੱਖਰਤਾ ਨੂੰ ਬਖੂਬੀ ਪਾਠਕ ਸਾਹਮਣੇ ਉਭਾਰਦੀ ਹੈ। ਸਾਹਿਤ ਦਾ ਮਨੋਰਥ ਪਾਠਕ ਨੂੰ ਗਿਆਨ ਅਤੇ ਅਨੰਦ ਦੇਣ ਹੁੰਦਾ ਹੈ ਤੇ ਇਹ ਸਾਹਿਤ ਦੀ ਪ੍ਰਕਿਰਤੀ ਵਿਚ ਸਮੋਇਆ ਹੁੰਦਾ ਹੈ। ਸਾਹਿਤ ਮਨੁੱਖ ਜਾਤੀ ਦੇ ਸੰਚਿਤ ਗਿਆਨ ਦੀ ਸੁੰਦਰ ਅਭਿਵਿਅਕਤੀ ਹੈ, ਜਿਸ ਨੂੰ ਭਾਸ਼ਾ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ। ਸਾਹਿਤ ਇਕ ਧਾਰਾ ਹੈ ਜਿਸ ਦਾ ਸੋਮਾ ਕਦੇ ਵੀ ਸੁਕਦਾ ਨਹੀਂ। ਸਮੇਂ-ਸਮੇਂ ਅਨੁਸਾਰ ਇਸ ਵਿਚ ਬੇਸ਼ਕ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਇਹ ਤਬਦੀਲੀਆ ਭਾਸ਼ਾ ਤੇ ਸਾਹਿਤ ਦੋਹਾਂ ਪੱਧਰਾਂ ਤੇ ਹੋ ਸਕਦੀਆਂ ਹਨ। ਡਾ. ਹਰਭਜਨ ਸਿੰਘ ਅਨੁਸਾਰ,

"ਸਾਹਿਤ ਸੰਸਾਰ ਦੀ ਵਿਲੱਖਣ
ਪ੍ਰਕਿਰਤੀ ਇਹ ਹੈ ਕਿ ਇਸ
ਵਿੱਚ ਕਿਸੇ ਵੀ ਭਾਵ, ਵਿਚਾਰ
ਜਾਂ ਘਟਨਾ ਦੀ ਸਲਾਹੀ ਨਹੀਂ।
ਮਾਨਸਿਕ ਸ਼ਾਂਤੀ ਜਾਂ ਸੰਤੁਲਨ
ਤਾਂ ਕੁਝ ਹੋਰ ਖੇਤਰਾਂ ਵਿੱਚ
ਵੀ ਪ੍ਰਾਪਤ ਹੁੰਦਾ ਹੈ, ਪਰ ਸਾਹਿਤ
ਵਿਧੀ ਬਾਕੀ ਸਾਰੇ ਸਿਰਜਣਾਤਮਕ
ਖੇਤਰਾਂ ਨਾਲੋਂ ਵੱਖਰੀ ਹੈ।"

(ਸਾਹਿਤ ਸ਼ਾਸਤਰ, ਪੰਨਾ ਨੰ: ੪੨)

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਦਾ ਮਨੋਰਥ ਪਾਠਕਾਂ ਨੂੰ ਗਿਆਨ ਅਤੇ ਅਨੰਦ ਦੇਣ ਹੁੰਦਾ ਹੈ। ਪਰੰਤੂ ਇਹ ਸਾਹਿਤ ਦੀ ਪ੍ਰਕਿਰਤੀ ਵਿਚ ਹੀ ਸਮੋਇਆ ਹੁੰਦਾ ਹੈ। ਸਾਹਿਤ ਦੀ ਪ੍ਰਕਿਰਤੀ ਆਪਣੀ ਵੱਖਰਤਾ ਨੂੰ ਵੱਖ-ਵੱਖ ਪੱਧਰਾਂ ਤੇ ਬਖੂਬੀ ਉਭਾਰਦੀ ਹੈ। ਜੇਕਰ ਸਾਹਿਤ ਨੂੰ ਨੇੜੇ ਨਾਲ ਵਿਚਾਰਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਸਾਹਿਤ ਦਾ ਆਪਣਾ ਸੁਭਾਅ ਅਤੇ ਆਪਣੀ ਹੀ ਪ੍ਰਕਿਰਤੀ ਹੁੰਦੀ ਹੈ।